ਹੁਕਮ ਨੰ: (476 ਸੇ-1) 3/79-15 ਸੇ-1(7) ਕੋ:ਸ:3
ਮਿਤੀ, ਐਸ.ਏ.ਐਸ ਨਗਰ : 01-02-2016

ਸ੍ਰੀਮਤੀ ਜਸਬੀਰ ਕੌਰ, ਪ੍ਰਿੰਸੀਪਲ, ਸਸਸਸ ਆਲਮਗੀਰ, ਜ਼ਿਲ੍ਹਾ ਲੁਧਿਆਣਾ ਦੀ ਮਿਤੀ 01-03-16 ਤੋਂ ਮਿਤੀ 30-04-16 ਤੱਕ ਦੀ ਕਮਾਈ ਛੁੱਟੀ ਵਿਦੇਸ਼ (ਕਨੇਡਾ) ਜਾਣ ਲਈ ਹੇਠ ਲਿਖੀਆਂ ਸ਼ਰਤਾਂ'ਤੇ ਮੰਜੂਰੀ ਦਿੱਤੀ ਜਾਂਦੀ ਹੈ:-

1. ਕਰਮਚਾਰੀ/ਅਧਿਕਾਰੀ ਆਪਣੀ ਛੁੱਟੀ ਵਿਚ ਵਾਧਾ ਨਹੀ ਕਰੇਗਾ/ ਕਰੇਗੀ।
2. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਜਾ ਕੇ ਦੇਸ਼ ਵਿਰੋਧੀ ਗਤੀਵਿਧੀਆ ਵਿਚ ਹਿਸਾ ਨਹੀ ਲਵੇਗਾ/ਲਵੇਗੀ।
3. ਕਰਮਚਾਰੀ/ਅਧਿਕਾਰੀ ਛੁੱਟੀ ਖਤਮ ਹੋਣ ਤੇ ਵਾਪਸ ਹਾਜਰ ਨਹੀ ਹੁੰਦਾ/ਹੁੰਦੀ ਤਾਂ ਉਸ ਵਲੋ ਦਿੱਤੇ ਹਲਫੀਆ ਬਿਆਨ ਅਨੁਸਾਰ ਉਸਦਾ ਸਰਕਾਰੀ ਨੋਕਰੀ ਤੋ ਅਸਤੀਫਾ ਪ੍ਰਵਾਨ ਕਰ ਲਿਆ ਜਾਵੇਗਾ।
4. ਕਰਮਚਾਰੀ/ਅਧਿਕਾਰੀ ਵਿਦੇਸ਼ ਵਿੱਚ ਰਹਿੰਦੇ ਹੋਏ ਆਪਣੀ ਆਮਦਨ ਲਈ ਕਿਸੇ ਹੋਰ ਜਗ੍ਹਾ ਨੌਕਰੀ ਨਹੀਂ ਕਰੇਗਾ/ ਕਰੇਗੀ।
5. ਕਰਮਚਾਰੀ/ਅਧਿਕਾਰੀ ਖਿਲਾਫ ਕੋਈ ਪੁਲਿਸ/ਵਿਜੀਲੈਂਸ ਕੇਸ /ਵਿਭਾਗੀ ਪੈਂਡਿੰਗ ਪੜਤਾਲ/ਏ.ਜੀ. ਪੰਜਾਬ ਵੱਲੋਂ ਆਡਿਟ ਇਤਰਾਜ ਅਤੇ ਐਲ.ਟੀ.ਸੀ ਆਦਿ ਸਬੰਧੀ ਕੋਈ ਕੇਸ ਪੈਂਡਿੰਗ ਨਾ ਹੋਵੇ।

ਡਾ. ਜੀ. ਵਜਰਾਲਿੰਗਮ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨ: ਉਕਤ 22-6-28 ਮਿਤੀ :- 4/2/16

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ :-

1. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਲੁਧਿਆਣਾ ਨੂੰ ਉਨ੍ਹਾਂ ਦੇ ਪੱਤਰ ਨੰ: ਅ-01/2016/ਵਿਦੇਸ਼ ਛੁੱਟੀ/157 ਮਿਤੀ 20.01.16 ਦੇ ਸਬੰਧ ਵਿੱਚ ਭੇਜਕੇ ਲਿਖਿਆ ਜਾਂਦਾ ਹੈ ਕਿ- ਕਰਮਚਾਰੀ/ ਅਧਿਕਾਰੀ ਦੀ ਛੁੱਟੀ ਉਪਰੰਤ ਸਮੇਂ ਸਿਰ ਹਾਜ਼ਰ ਹੋਣ/ਨਾ ਹੋਣ ਸਬੰਧੀ ਸੂਚਨਾ ਇਸ ਦਫਤਰ ਨੂੰ ਉਪਲੱਬਧ ਕਰਾਉਣੀ ਯਕੀਨੀ ਬਣਾਈ ਜਾਵੇ।
2. ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਆਲਮਗੀਰ, ਜ਼ਿਲ੍ਹਾ ਲੁਧਿਆਣਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 18-10-2012 ਅਨੁਸਾਰ ਕਰਮਚਾਰੀ/ਅਧਿਕਾਰੀ ਦੀ ਛੁੱਟੀ 10 ਦਿਨ ਤੋ ਵਧ ਹੋਣ ਕਾਰਨ ਉਸ ਨੂੰ ਮੋਬਾਇਲ ਭੱਤੇ ਦੀ ਅਦਾਇਗੀ ਨਹੀਂ ਕੀਤੀ ਜਾਣੀ ਹੈ।
3. ਸ੍ਰੀਮਤੀ ਜਸਬੀਰ ਕੌਰ, ਪ੍ਰਿੰਸੀਪਲ, ਸਸਸਸ ਆਲਮਗੀਰ, ਜ਼ਿਲ੍ਹਾ ਲੁਧਿਆਣਾ।

ਸੁਪਰਡੰਟ ਕੋਆਰਡੀਨੇਸ਼ਨ ਸੈਲ